ਦਫ਼ਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ. ਨਗਰ।

( ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ. ਏ. ਐਸ. ਨਗਰ)

( ਪ੍ਰਮੋਸ਼ਨ ਸੈਲ)

ਨੋਟਿਸ

ਮਿਤੀ – 22-08-2025

1.0 ਮਾਨਯੋਗ ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਸਿ.ਰਿ.ਪ. 28434 ਆਫ 2019 ਹਰਭਜਨ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਦੀ ਲਗਾਤਾਰਤਾ ਵਿੱਚ ਸਿ.ਰਿ.ਪ. 412 ਆਫ 2016 ਬਲਬੀਰ ਕੌਰ ਬਨਾਮ ਪੰਜਾਬ ਸਰਕਾਰ ਵਿੱਚ ਮਿਤੀ 27.02.2023 ਨੂੰ ਫੈਸਲਾ ਦਿੰਦੇ ਹੋਏ ਲੈਕਚਰਾਰ ਕਾਡਰ ਦੀ ਸੀਨੀਆਰਤਾ ਨੂੰ ਬਨਾਉਣ ਦਾ ਫੈਸਲਾ ਦਿੱਤਾ ਗਿਆ। ਵਿਭਾਗ ਵੱਲੋਂ ਲੈਕਚਰਾਰ ਕਾਡਰ ਦੀ ਸੀਨੀਆਰਤਾ ਦੇ ਸਬੰਧ ਵਿੱਚ ਡਰਾਫਟ ਸੂਚੀਆਂ ਤਿਆਰ ਕਰਦੇ ਹੋਏ ਸਬੰਧਤ ਕਰਮਚਾਰੀਆਂ/ਰਿਟਾਇਰੀਆਂ ਦੇ ਨਿਯੁਕਤੀ ਸਬੰਧੀ ਇਤਰਾਜ ਮੰਗੇ ਗਏ ਸਨ। ਪ੍ਰਾਪਤ ਇਤਰਾਜਾਂ ਦੀ ਪ੍ਰਤੀ ਪੂਰਤੀ ਕਰਦੇ ਹੋਏ ਲੈਕਚਰਾਰ ਕਾਡਰ ਦੀ ਸੀਨੀਆਰਤਾ 2025 ਮਿਤੀ 21-08-2025 ਦੋ ਭਾਗਾਂ ਵਿੱਚ ਤਿਆਰ ਕਰਦੇ ਹੋਏ ਵਿਭਾਗ ਦੀ ਵੈਬਸਾਈਟ www.ssapunjab.org ਤੇ ਅਪਲੋਡ ਕੀਤੀ ਗਈ ਹੈ।

2.0 ਜਾਰੀ ਕੀਤੀ ਗਈ ਪ੍ਰੋਵੀਜਨਲ ਸੀਨੀਆਰਤਾ ਸੂਚੀ ਦੇ ਸਬੰਧ ਵਿੱਚ ਜੇਕਰ ਕਿਸੇ ਕਰਮਚਾਰੀ/ਰਿਟਾਇਰੀ ਨੂੰ ਕੋਈ ਆਪਣੇ ਵੇਰਵਿਆਂ/ਸੀਨੀਆਰਤਾ ਦੀ ਦਰਜਾਬੰਦੀ ਦੇ ਸਬੰਧ ਵਿੱਚ ਕੋਈ ਇਤਰਾਜ ਹੈ ਤਾਂ ਉਹ ਇਸ ਨੋਟਿਸ ਦੇ ਜਾਰੀ ਹੋਣ ਦੀ ਮਿਤੀ ਤੋਂ 07 ਦਿਨਾਂ ਦੇ ਅੰਦਰ ਜਿਲ੍ਹੇ ਦੇ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ) ਨੂੰ ਸਮੇਤ ਦਸਤਾਵੇਜ ਨਾਲ ਨੱਥੀ ਪ੍ਰੋਫਾਰਮੇ ਤੇ ਪੇਸ਼ ਕਰ ਸਕਦਾ ਹੈ। ਜੇਕਰ ਪ੍ਰੋਫਾਰਮੇ ਦੇ ਕਾਲਮਾਂ ਤੋਂ ਇਲਾਵਾ ਕਰਮਚਾਰੀ/ਰਿਟਾਇਰੀ ਆਪਣਾ ਪੱਖ ਰੱਖਣਾ ਚਾਹੰਦਾ/ਚਾਹੁੰਦੀ ਹੈ ਤਾਂ ਵੱਖਰੇ ਤੌਰ ਤੇ ਲਿਖਤੀ ਰੂਪ ਵਿੱਚ ਸਮੇਤ ਪ੍ਰੋਫਰਮਾ ਅਤੇ ਦਸਤਾਵੇਜ ਜਿਲ੍ਹੇ ਦੇ ਦਫਤਰ ਨੂੰ ਪੇਸ਼ ਕਰ ਸਕਦਾ ਹੈ।

3.0 ਇਤਰਾਜ ਪ੍ਰਾਪਤ ਕਰਨ ਦੀ ਮਿਆਦ ਪੂਰੀ ਹੋਣ ਤੇ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ) ਦੇ ਡੀਲਿੰਗ ਸਹਾਇਕ/ਕਲਰਕ ਰਾਹੀਂ ਇਤਰਾਜਾਂ ਦੀ Excel Sheet ਵਿੱਚ ਸੰਕਲਿਤ ਰਿਪੋਰਟ (Soft & Physical copy) ਸਮੇਤ ਦਸਤਾਵੇਜ ਅਗਲੇ 05 ਦਿਨਾਂ ਦੇ ਅੰਦਰ ਮੁੱਖ ਦਫਤਰ (ਪ੍ਰਮੋਸ਼ਨ ਸੈਲ) ਵਿਖੇ ਪ੍ਰਾਪਤ ਕੀਤੀ ਜਾਵੇਗੀ।

4.0 ਮੁੱਖ ਦਫਤਰ ਵਿੱਖੇ ਪ੍ਰਾਪਤ ਇਤਰਾਜਾਂ ਦੀ ਪ੍ਰਤੀ ਪੂਰਤੀ ਹੋਣ ਉਪਰੰਤ ਨਿਰਧਾਰਿਤ ਰੂਲਾਂ ਅਨੁਸਾਰ ਕਾਰਜਵਿੱਧੀ ਅਪਣਾਉਂਦੇ ਹੋਏ ਨਿਪਟਾਰਾ ਕੀਤਾ ਜਾਵੇਗਾ ਅਤੇ ਇਸ ਲੈਕਚਰਾਰ ਦੀ ਪ੍ਰੋਵੀਜਨਲ ਸੀਨੀਆਰਤਾ ਸੂਚੀ 2025 ਨੂੰ ਅੰਤਿਮ ਰੂਪ ਦੇ ਦਿੱਤਾ ਜਾਵੇਗਾ।

5.0 ਨੋਟ

5.1 ਉਪਰੋਕਤ ਨਿਰਧਾਰਿਤ ਸਮੇਂ ਦੀ ਮਿਆਦ ਪੂਰੀ ਹੋਣ ਉਪਰੰਤ ਕੋਈ ਵੀ ਇਤਰਾਜ ਵਿਚਾਰਨ ਯੋਗ ਨਹੀਂ ਹੋਣਗੇ।

5.2 ਕੋਈ ਵੀ ਇਤਰਾਜ ਸਿੱਧੇ ਪੱਧਰ ਤੇ ਮੁੱਖ ਦਫਤਰ ਵਿਖੇ ਪ੍ਰਾਪਤ ਨਹੀਂ ਕੀਤੇ ਜਾਣਗੇ।

5.3 ਕੋਈ ਵੀ ਇਤਰਾਜ ਈਮੇਲ ਰਾਹੀਂ / ਡਾਕ ਰਾਹੀਂ ਨਾ ਭੇਜੇ ਜਾਣ, ਸਿਰਫ ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ ) ਦੇ ਦਫਤਰ ਰਾਹੀਂ ਤਸਦੀਕੀ ਰਿਪੋਰਟ ਸਮੇਤ ਦਸਤਾਵੇਜ ਪ੍ਰਾਪਤ ਕੀਤੇ ਜਾਣਗੇ।

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)

**Lecturer Cadre Seniority 2025**

**Proforma for Objections**

| Name of the Official/ Father's Name and present Place of Posting along with Contact No. and Date of Birth | Provisional Seniority Number | Claimed Seniority Number/ Brief Objection regarding seniority | Basis of the Claimed seniority and objection (Attach Proof) |
|---|---|---|---|
| | | | |

Signature of the Employee/Retiree